# ਡਾ. ਹਰਗੋਬਿੰਦ ਖੁਰਾਣਾ



ਡਾਕਟਰ ਹਰਗੋਬਿੰਦ ਖੁਰਾਣਾ ਦਾ ਜਨਮ 9 ਜਨਵਰੀ 1922 ਨੂੰ ਪਿੰਡ ਰਾਏਪੁਰ ਤਹਿਸੀਲ ਕਬੀਰ ਵਾਲਾ, ਜ਼ਿਲਾ ਮੁਲਤਾਨ (ਜੋ ਅੱਜਕੱਲ ਪਾਕਿਸਤਾਨ ਵਿੱਚ ਹੈ) ਵਿੱਚ ਹੋਇਆ ਸੀ। ਆਪ ਦੇ ਪਿਤਾ ਲਾਲਾ ਗਨਪੱਤ ਰਾਏ ਪਟਵਾਰੀ ਸਨ। ਲਾਲਾ ਜੀ ਦੇ ਚਾਰ ਪੁੱਤਰ ਸਨ ਅਤੇ ਹਰਗੋਬਿੰਦ ਸਾਰਿਆਂ ਨਾਲੋ ਛੋਟਾ ਸੀ।

ਡਾਕਟਰ ਖੁਰਾਣਾ ਆਪਣੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਹਦੇ ਤਿੰਨ ਹੋਰ ਭਰਾ ਅਤੇ ਇਕ ਭੈਣ ਸੀ। ਘਰ ਵਿੱਚ ਕਾਫੀ ਗਰੀਬੀ ਸੀ ਫਿਰ ਵੀ ਉਹਦੇ ਪਿਤਾ ਜੀ ਨੇ ਸਾਰੇ ਬੱਚਿਆਂ ਨੂੰ ਪੜ੍ਹਾਇਆ ਹੀ ਨਹੀਂ ਸਗੋਂ ਇਕ ਕਮਰੇ ਦਾ ਸਕੂਲ ਵੀ ਪਿੰਡ ਵਿੱਚ ਖੋਲਿਆ। ਛੋਟੇ ਹੁੰਦਿਆਂ ਡਾਕਟਰ ਖੁਰਾਣਾ ਬਹੁਤ ਸਾਜਰੇ ਉੱਠਦਾ ਤਾਂ ਕਿ ਘਰ ਵਿੱਚ ਅੱਗ ਬਾਲਣ ਲਈ ਬਾਹਰੋਂ ਕਿਸੇ ਦੇ ਘਰੋਂ ਅੰਗਾਰਾ ਲਿਆਂਦਾ ਜਾ ਸਕੇ ਜਿਸ ਨਾਲ ਘਰ ਵਿੱਚ ਅੱਗ ਬਾਲੀ ਜਾ ਸਕੇ। ਉਹ ਪਿੰਡ ਵਿੱਚ ਦੇਖਦਾ ਕਿ ਜਿਸ ਘਰ ਵਿਚੋਂ ਧੂੰਆਂ ਨਿਕਲ ਰਿਹਾ ਹੈ ਅਤੇ ਫਿਰ ਉਸ ਘਰੋਂ ਇਕ ਅੰਗਾਰਾ ਮੰਗ ਕੇ ਲਿਆਉਂਦਾ। ਇਸ ਤੋਂ ਬਿਨਾਂ ਉਹ ਅਕਸਰ ਡਾਕਖਾਨੇ ਦੇ ਬਾਹਰ ਪੌੜੀਆਂ ਉੱਤੇ ਬੈਠ ਕੇ ਲੋਕਾਂ ਦੀਆਂ ਚਿੱਠੀਆਂ ਲਿਖਦਾ।

ਹਰਗੋਬਿੰਦ ਦੀ ਮੁੱਢਲੀ ਪੜ੍ਹਾਈ ਰਾਏਪੁਰ ਵਿੱਚ ਹੋਈ। ਉਸਨੇ ਮਿਡਲ ਖਾਨੇਵਾਲ ਸਕੂਲ ਤੋਂ ਪਾਸ ਕੀਤਾ ਅਤੇ ਮੈਟਰਿਕ 1938 ਵਿੱਚ ਡੀ. ਏ. ਵੀ. ਹਾਈ ਸਕੂਲ ਮੁਲਤਾਨ ਤੋਂ 646 ਨੰਬਰ ਲੈ ਕੇ ਪਾਸ ਕੀਤਾ। ਇਸ ਤੋਂ ਬਾਦ ਡੀ. ਏ. ਵੀ. ਕਾਲਜ ਲਹੌਰ ਵਿੱਚ ਦਾਖਲਾ ਲਿਆ। ਐਫ. ਐਸ. ਸੀ. ਪਾਸ ਕਰਕੇ 1940 ਵਿੱਚ ਹਰਗੋਬਿੰਦ ਨੇ ਬੀ. ਐਸ. ਸੀ. ਆਨਰਜ਼ ਅਤੇ 1944 ਵਿੱਚ ਗੌਰਮਿੰਟ ਕਾਲਜ ਲਹੌਰ ਦਾ ਵਿਦਿਆਰਥੀ ਬਣ ਕੇ ਐਮ. ਐਸ. ਸੀ. ਪਾਸ ਕੀਤੀ। 1945 ਵਿੱਚ ਕੇਂਦਰ ਦੀ ਸਰਕਾਰ ਨੇ ਬਹੁਤ ਸਾਰੇ ਲਾਇਕ ਐਮ. ਐਸ. ਸੀ. ਪਾਸ ਵਿਦਿਆਰਥੀਆਂ ਨੂੰ ਸਾਇੰਸ ਦੀ ਉੱਚੀ ਟਰੇਨਿੰਗ ਲੈਣ ਲਈ ਇੰਗਲੈਂਡ ਅਤੇ ਅਮਰੀਕਾ ਭੇਜਿਆ। ਹਰਗੋਬਿੰਦ ਇਹਨਾਂ ਵਿੱਚੋਂ ਇਕ ਸੀ। ਉਸਨੇ 1948 ਵਿੱਚ ਲਿਵਰਪੂਲ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। 1948 ਵਿੱਚ ਪੀ. ਐਚ. ਡੀ. ਦੀ ਡਿਗਰੀ ਕਰਨ ਤੋਂ ਬਾਦ ਉਹ ਸਵਿਟਜ਼ਰਲੈਂਡ ਚਲਾ ਗਿਆ ਇਕ ਸਾਲ ਉਸ ਨੇ ਉੱਥੇ ਫੈਡਰਲ ਰੀਸਰਚ ਇਨਸਟੀਚਿਊਟ ਆਫ ਟੈਕਨਾਲੋਜ਼ੀ ਵਿੱਚ ਲਾਇਆ। 1950 ਦੇ ਸ਼ੁਰੂ ਵਿੱਚ ਉਹ ਘਰ ਵਾਪਿਸ ਆਇਆ। ਦਿੱਲੀ ਯੂਨੀਵਰਸਿਟੀ ਦੇ ਕੈਮਸਟਰੀ ਡੀਪਾਰਟਮੈਂਟ ਵਿੱਚ ਡਾਕਟਰ ਖੁਰਾਣੇ ਨੇ ਲੈਕਚਰਾਰ ਬਣਨ ਲਈ ਅਰਜ਼ੀ ਦਿੱਤੀ, ਪਰ ਉਹ ਨਾ ਲਿਆ ਗਿਆ। ਮਾਯੂਸ ਹੋ ਕੇ ਉਹ ਵਾਪਿਸ ਇੰਗਲੈਂਡ ਚਲਾ ਗਿਆ। ਉਦੋਂ ਕੈਂਬਰਿਜ ਯੂਨੀਵਰਸਿਟੀ ਵਿੱਚ ਡਾਕਟਰ ਅਲੈਗਜੈਂਡਰ ਟਾਡ ਜਿਹੜਾ ਕੈਮਿਸਟਰੀ ਦੇ ਨੋਬਲ ਪੁਰਸਕਾਰ ਦਾ ਜੇਤੂ ਸੀ, ਆਰਗੈਨਿਕ ਕੈਮਿਸਟਰੀ ਦਾ ਹੈੱਡ ਸੀ ਉਸ ਨੇ ਡਾਕਟਰ ਖੁਰਾਣੇ ਨੂੰ ਨੂਫੀਲਡ ਫੈਲੋਸ਼ਿਪ ਲੈ ਦਿੱਤੀ ਅਤੇ ਖੁਰਾਣੇ ਨੇ ਉਸ ਨਾਲ ਰਲ ਕੇ ਆਰਗੈਨਿਕ ਕੈਮਿਸਟਰੀ ਵਿੱਚ ਖੋਜ ਸ਼ੁਰੂ ਕਰ ਦਿੱਤੀ। ਦੋ ਸਾਲ ਬੜੀ ਮਿਹਨਤ ਮੁਸ਼ਕਤ ਕਰਦਾ ਰਿਹਾ।

ਉਹਦੀ ਗਰੀਬੀ ਦਾ ਆਲਮ ਇਹ ਸੀ ਕਿ ਉਹ ਸਵਿਟਜ਼ਲੈਂਡ ਵਿੱਚ ਸੀ ਤਾਂ ਉਹਦੇ ਵਜ਼ੀਫੇ ਦੇ ਪੈਸੇ ਖਤਮ ਹੋ ਗਏ ਅਤੇ ਉਹਨੂੰ ਮਜ਼ਬੂਰਨ ਭਾਰਤ ਆਉਣਾ ਪਿਆ। ਅਤੇ ਜਦ ਉਹਨੂੰ ਕੈਂਬਰਿਜ਼ ਵਿੱਚ ਨੌਕਰੀ ਮਿਲੀ ਤਾਂ ਉਹਦੇ ਪਰਿਵਾਰ ਨੇ ਪੈਸੇ ਇਕੱਠੇ ਕਰਕੇ ਜਹਾਜ਼ ਦਾ ਟਿਕਟ ਲੈ ਕੇ ਦਿੱਤਾ ਸੀ।

1952 ਵਿੱਚ ਡਾਕਟਰ ਖੁਰਾਣਾ ਨੇ Esther Elizabeth Sibler ਨਾਲ ਵਿਆਹ ਕਰਵਾ ਲਿਆ। ਜੋ ਇਕ ਸਵਿਸ ਔਰਤ ਸੀ ਜੋ ਉਹਨੂੰ 1947 ਵਿੱਚ ਪਰਾਗ ਵਿੱਚ ਮਿਲੀ ਸੀ। ਉਹਦੀ ਪਤਨੀ ਨੇ ਉਹਨੂੰ ਬਹੁਤ ਜ਼ਿਆਦਾ ਧਰਵਾਸ ਦਿੱਤਾ। ਇਹ ਉਹਦੀ ਪਤਨੀ ਹੀ ਸੀ ਜੇਹਨੇ ਡਾਕਟਰ ਖੁਰਾਣਾ ਨੂੰ ਪੱਛਮ ਦੇ ਕਲਾਸੀਕਲ ਸੰਗੀਤ ਵੱਲ ਉਤਸ਼ਾਹਿਤ ਕੀਤਾ। ਉਹਨਾਂ ਦਾ ਘਰ ਪੇਟਿੰਗਜ਼, ਬਹੁਤ ਸਾਰੀਆਂ ਸਾਇੰਸ ਦੀਆਂ ਕਿਤਾਬਾਂ, ਅਰਟ ਅਤੇ

ਫਿਲਾਸਫੀ ਦੀਆਂ ਕਿਤਾਬਾਂ ਨਾਲ ਭਰਿਆ ਪਿਆ ਸੀ। ਡਾਕਟਰ ਖੁਰਾਣਾ ਕੁਦਰਤ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਲੰਬੀਆਂ ਸੈਰਾਂ, ਇਕਾਂਤ ਵਿੱਚ ਕੁਦਰਤ ਰਾਣੀ ਦੀ ਗੋਦ ਵਿੱਚ ਕਰਿਆ ਕਰਦਾ ਸੀ ਤਾਂ ਕਿ ਸਾਇੰਸ ਦੀਆਂ ਸਮੱਸਿਆਵਾਂ ਬਾਰੇ ਡੂੰਘਾਈ ਨਾਲ ਸੋਚ ਸਕੇ। ਉਹ ਤੈਰਨ ਦਾ ਵੀ ਸ਼ੌਕੀਨ ਸੀ।

ਡਾਕਟਰ ਖੁਰਾਣਾ ਅਤੇ Esther ਦੇ ਤਿੰਨ ਬੱਚੇ ਹੋਏ। ਜੂਲੀਆ ਇਲਿਜ਼ਬੈਥ (Julia Elizabeth) 1953 ਵਿੱਚ ਜਨਮੀ, ਐਮਲੀ ਐਨ (Emily Anne) 1954 ਵਿੱਚ ਜਨਮੀ ਅਤੇ 1979 ਵਿੱਚ ਚੱਲ ਵਸੀ ਅਤੇ Dave Roy 1958 ਵਿੱਚ ਪੈਦਾ ਹੋਇਆ। ਇਹ ਸਾਰੇ ਬੱਚੇ ਕੈਨੇਡਾ ਵਿੱਚ ਪੈਦਾ ਹੋਏ ਸਨ। ਡਾਕਟਰ ਖੁਰਾਣਾ ਨੂੰ ਅਪਾਣੀ ਮਸ਼ਹੂਰੀ ਬਿਲਕੁਲ ਪਸੰਦ ਨਹੀਂ ਸੀ, ਉਹ ਬਹੁਤ ਹੀ ਨਰਮ ਸੁਭਾਅ ਦਾ ਇਨਸਾਨ ਸੀ।

1952 ਵਿੱਚ ਉਸ ਨੂੰ ਬਰਿਟਿਸ਼ ਕੋਲੰਬੀਆ ਵਿੱਚ ਯੂਨੀਵਰਸਿਟੀ ਦੇ ਆਰਗੈਨਿਕ ਕੈਮਿਸਟਰੀ ਦਾ ਹੈਡ ਬਣਾ ਦਿੱਤਾ ਗਿਆ। ਇਸ ਪਦਵੀ ਤੇ ਉਹ 9 ਸਾਲ ਆਪਣਾ ਸਾਰਾ ਵਿੱਤ ਲਾ ਕੇ ਰੀਸਰਚ ਕਰਦਾ ਰਿਹਾ। Peptides, proteins and Synthesis of Co-Enzime Aਉੱਤੇ ਖੂਬ ਖੋਜ ਕਰਕੇ ਉਸ ਨੇ ਚੰਗਾ ਜੱਸ ਖੱਟਿਆ ਅਤੇ ਪ੍ਰਸਿੱਧ ਹੋ ਗਿਆ। ਇਸ ਕੰਮ ਅਤੇ ਪ੍ਰਸਿੱਧਤਾ ਦੇ ਆਧਾਰ ਤੇ ਉਹ 1960 ਵਿੱਚ ਇੰਸਟੀਚਊਟ ਆਫ ਇੰਨਜਾਇਮ ਰੀਸਰਚ ਯੂ. ਐਸ. ਏ. ਦਾ ਡਾਇਰੈਕਟਰ ਬਣ ਗਿਆ। ਇੱਥੇ ਵੀ ਉਸਨੇ ਖੂਬ ਉਤਸ਼ਾਹ ਅਤੇ ਜੋਸ਼ ਨਾਲ ਆਪਣਾ ਖੋਜ ਦਾ ਕੰਮ ਜਾਰੀ ਰੱਖਿਆ ਅਤੇ ਫਿਰ ਉਹ ਵਿਸਕੋਨਸਿਨ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਆਫ ਲਾਇਫ ਸਾਇੰਸਜ਼ ਬਣ ਗਿਆ। ਅਕਤੂਬਰ 1968 ਵਿੱਚ ਡਾਕਟਰ ਹਰਗੋਬਿੰਦ ਖੁਰਾਣਾ ਨੂੰ ਦੋ ਹੋਰ ਅਮਰੀਕਨ ਸਾਇੰਸਦਾਨਾਂ ਨਾਲ ਸਾਂਝਾ ਫਿਜਿਆਲੋਜੀ ਐਂਡ ਮੈਡੀਸਨ ਦਾ ਨੋਬਲ ਪੁਰਸਕਾਰ ਮਿਲਿਆ। ਹੋਰ ਮਜ਼ਬੂਨਾਂ ਦੇ ਨੋਬਲ ਪੁਰਸਕਾਰ ਹੋਰ ਦੇਸ਼ਾਂ ਦੇ ਸਾਇੰਸਦਾਨਾਂ ਨੂੰ ਮਿਲਦੇ ਅਤੇ ਇਹਨਾਂ ਬਾਬਤ ਅਖਬਾਰਾਂ ਵਿੱਚ ਖਬਰਾਂ ਅਤੇ ਲੇਖ ਨਿਕਲਦੇ ਰਹਿੰਦੇ ਹਨ। ਪਰ ਸਾਡੇ ਦੇਸ਼ ਵਿੱਚ ਆਪਣੇ ਸਾਇੰਸਦਾਨ ਖੁਰਾਣੇ ਨੂੰ ਨੋਬਲ ਲਾਰੀਏਟ ਬਣਨ ਤੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਖੂਬ ਖੁਸ਼ੀ ਦੇ ਐਲਾਨ ਨਿਕਾਲੇ। ਵਜ਼ੀਰਾਂ ਅਤੇ ਹੋਰ ਵੱਡੇ-ਵੱਡੇ ਰਾਜਸੀ ਆਗੂਆਂ ਨੇ ਖੂਬ ਧੂੰਆਂਧਾਰ ਲੇਖ ਲਿਖੇ। ਇਹ ਗੱਲ ਗੈਰ-ਮਾਮੂਲੀ ਜਿਹੀ ਸੀ। ਇਸ ਉੱਤੇ ਅਮਰੀਕਨ ਅਖਬਾਰਾਂ ਵਿੱਚ ਕੁੱਝ ਚਰਚਾ ਹੋਈ। ਡਾਕਟਰ ਖੁਰਾਣਾ ਦੇ ਇਕ ਅਮਰੀਕਨ ਦੋਸਤ ਨੇ ਲਿਖਿਆ ਕਿ ਖੁਰਾਣਾ ਬੜੇ ਠੰਡੇ ਅਤੇ ਸੀਤਲ ਸੁਭਾਓ ਦਾ ਹੈ, ਪਰ ਜਦੋਂ ਭਾਰਤ ਦੀ ਕੋਈ ਗੱਲ ਹੋਵੇ ਤਾਂ ਉਸਨੂੰ ਕੌੜ ਚੜ੍ਹ ਜਾਂਦੀ ਹੈ। ਉਹ ਸਾਡੇ ਦੇਸ਼ ਦਾ ਜੰਮਪਲ ਸੀ। ਉਸਦੇ ਤਿੰਨ ਭਰਾ ਦਿੱਲੀ ਰਹਿੰਦੇ ਸਨ। ਸਾਰਾ ਦੇਸ਼ ਖੁਸ਼ੀਆਂ ਮਨਾ ਰਿਹਾ ਸੀ ਅਤੇ ਫੁੱਲਾਂ ਦੇ ਹਾਰ ਉਸ ਦੇ ਗਲ ਵਿੱਚ ਪਾਉਣ ਲਈ ਫੜੀ ਬੈਠਾ ਸੀ। ਉਹ ਦੇਸ਼ ਦੀ ਸ਼ਹਿਰੀਅਤ ਤਿਆਗ ਕੇ ਅਮਰੀਕਨ ਸ਼ਹਿਰੀ ਬਣ ਗਿਆ ਸੀ ਅਤੇ ਹਾਰ ਪਵਾਉਣ ਵਾਸਤੇ ਵੀ ਆਪਣੀ ਜਨਮ-ਭੂਮੀ ਵੱਲ ਫੇਰਾ ਨਹੀਂ ਪਾਉਣ ਆਇਆ ਸੀ। ਇਹ ਵਿਚਾਰਨਯੋਗ ਗੱਲ ਹੈ।

ਜਦੋਂ ਦਾ ਮਹਾਂਪੁਰਸ਼ ਨੋਬਲ ਨੇ ਇਹ ਪੁਰਸਕਾਰਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਸੈਂਕੜੇ ਹੀ ਨੋਬਲ ਪੁਰਸਕਾਰ ਉੱਚੇ ਉੱਚੇ ਸਾਇੰਸਦਾਨਾਂ, ਲਿਖਾਰੀਆਂ, ਫਿਲਾਸਫਰਾਂ ਆਦਿ ਨੇ ਜਿੱਤੇ ਹਨ। ਸਾਡਾ ਦੇਸ਼ ਚੀਨ ਤੋਂ ਦੂਜੇ ਦਰਜੇ ਤੇ ਸਾਰੇ ਸੰਸਾਰ ਦੇ ਦੇਸ਼ਾਂ ਨਾਲੋਂ ਵੱਧ ਵਸੋਂ ਵਾਲਾ ਹੈ। ਸਾਨੂੰ ਅੰਗਰੇਜ਼ੀ ਰਾਜ ਵੇਲੇ ਦੋ ਨੋਬਲ ਪੁਰਸਕਾਰ ਜਿੱਤਣ ਦਾ ਮਾਣ ਪ੍ਰਾਪਤ ਹੋਇਆ ਸੀ। ਇਕ ਰਾਬਿੰਦਰ ਨਾਥ ਟੈਗੋਰ ਨੂੰ ਲਿਟਰੇਚਰ ਦਾ ਗੀਤਾਂਜਲੀ ਲਿਖਣ ਉੱਤੇ ਅਤੇ ਦੂਜਾ ਸਰ ਸੀ. ਵੀ. ਰਮਨ ਨੂੰ ਫਿਜ਼ਿਕਸ ਦਾ।

ਜਿੱਥੇ ਤਾਕਤ-ਪ੍ਰਸਤੀ ਦਾ ਗਲਬਾ ਹੋਵੇਗਾ, ਉੱਥੇ ਸਾਇੰਸ ਪ੍ਰਫੁੱਲਤ ਨਹੀਂ ਹੋ ਸਕਦੀ। ਜਦ ਦਾ ਸਾਡੇ ਦੇਸ਼ ਨੂੰ ਸਵਰਾਜ ਮਿਲਿਆ ਹੈ, ਇੱਥੇ ਤਾਕਤ-ਪ੍ਰਸਤੀ ਦਾ ਜ਼ਜਬਾ ਗਾਲਬ ਹੈ ਅਤੇ ਹਰ ਖੇਤਰ ਵਿੱਚ ਤਾਕਤ-ਪ੍ਰਸਤੀ ਦਾ ਹੀ ਬੋਲਬਾਲਾ ਹੈ। ਕੈਂਬਰਿਜ਼ ਵਿੱਚ, ਆਕਸਫੋਰਡ ਵਿੱਚ ਅਤੇ ਹੋਰ ਵਿਕਸਿਤ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਲੋਕੀਂ ਪੜ੍ਹਨ ਪੜ੍ਹਾਨ ਅਤੇ ਖੋਜ ਵਿੱਚ ਮਗਨ ਰਹਿੰਦੇ ਹਨ। ਹਰ ਥਾਂ ਲਿਆਕਤ ਦੀ ਕਦਰ ਹੁੰਦੀ ਹੈ। ਤਾਕਤ-ਪ੍ਰਸਤ ਉਹਨਾਂ ਨੂੰ ਆਪਣੇ ਝਗੜਿਆਂ ਦਾ ਆਖਾੜਾ ਨਹੀਂ ਬਣਾ ਸਕਦੇ। ਭਾਰਤ ਵਿੱਚ ਕਿਸੇ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਹੋਵੇਗੀ, ਕਾਨਵੋਕੇਸ਼ਨ ਐਡਰੈਸ ਰਾਸ਼ਟਰਪਤੀ ਜਾਂ ਪ੍ਰਧਾਨ-ਮੰਤਰੀ ਪੜ੍ਹਨਗੇ।

ਛੋਟੇ-ਛੋਟੇ ਵਿਦਿਅਕ ਆਸ਼ਰਮਾਂ ਵਿੱਚ ਵੀ ਕੋਈ ਜੋੜਮੇਲਾ ਹੋਵੇ ਚੌਧਰ ਵਜ਼ੀਰਾਂ ਜਾਂ ਹੋਰ ਰਾਜਸੀ ਆਗੂਆਂ ਦੀ ਹੋਵੇਗੀ। ਜਿਸ ਤਰ੍ਹਾਂ ਬੋਹੜ ਦੇ ਸਾਏ ਹੇਠਾਂ ਗੁਲਾਬ ਦਾ ਬੂਟਾ ਪ੍ਰਫੁੱਲਤ ਨਹੀਂ ਹੋ ਸਕਦਾ, ਉਸੇ ਤਰ੍ਹਾਂ ਰਾਜਸੀ ਸਾਏ ਹੇਠ ਤਾਲੀਮ ਦਾ ਬੂਟਾ ਮੁਰਝਾ ਜਾਂਦਾ ਹੈ। ਇਥੇ ਦਾਖਲਿਆਂ ਵੇਲੇ ਸਿਫ਼ਾਰਸ਼, ਇਮਤਿਹਾਨਾਂ ਵੇਲੇ ਸਿਫ਼ਾਰਸ਼ਾਂ, ਉਸਤਾਦਾਂ ਨੂੰ ਨੌਕਰ ਰੱਖਣ ਲੱਗਿਆਂ ਸਿਫ਼ਾਰਸ਼ਾਂ, ਉਹਨਾਂ ਦੀਆਂ ਤਰੱਕੀਆਂ ਹੋਣ ਵੇਲੇ ਸਿਫ਼ਾਰਸ਼ਾਂ, ਸਿਫ਼ਾਰਸ਼ਾਂ ਕਰਨ ਵਾਲੇ ਇਹ ਵਜ਼ੀਰ, ਇਹ ਐਮ.ਪੀ., ਇਹ ਗਵਰਨਰ, ਇਹ ਸਭ ਰਾਜਸੀ ਨੇਤਾ ਹੁੰਦੇ ਹਨ। ਜੇਕਰ ਸਾਇੰਸ ਨੂੰ ਪ੍ਰਫੁੱਲਤ ਹੁੰਦਿਆਂ ਵੇਖਣਾ ਚਾਹੁੰਦੇ ਹੋ ਤਾਂ ਯੂਨੀਵਰਸਿਟੀਆਂ ਨੂੰ ਰਾਜਸੀ ਅਖਾੜਿਆਂ ਤੋਂ ਪਰੇ ਲੈ ਜਾਣ ਦੀ ਲੋੜ ਹੈ। ਡਾਕਟਰ ਖੁਰਾਣਾ ਸੱਚਾ ਸੀ, ਉਸਨੂੰ ਭਾਰਤ ਦਾ ਨਾ ਸੁਣ ਕੇ ਕੌੜ ਆਉਣੀ ਕੁਦਰਤੀ ਗੱਲ ਸੀ।

ਡਾਕਟਰ ਖੁਰਾਣੇ ਦੀ ਖੋਜ ਇਨਸਾਨੀ ਸਰੀਰ ਲਈ ਬੜੀ ਮਹੱਤਵਪੂਰਨ ਹੈ। ਜਿਸ ਤਰ੍ਹਾਂ ਮੌਲੀਕਿਊਲ ਦੇ ਅੰਦਰ ਛੋਟੇ ਕਿਣਕੇ ਐਟਮ ਹੁੰਦੇ ਹਨ ਅਤੇ ਐਟਮ ਦੇ ਅੰਦਰ ਛੋਟੇ ਕਿਣਕੇ ਅਲੈਕਟਰਾਨ ਅਤੇ ਪਰੋਟਾਨ ਹੁੰਦੇ ਹਨ ਇਸੇ ਤਰ੍ਹਾਂ ਸੈਲਾਂ ਦੇ ਅੰਦਰ ਜੀਵਾਣੂਆਂ ਦੇ ਅੰਦਰ ਕਰੋਮੋਸੋਮਜ਼ ਅਤੇ ਕਰੋਮੋਸੋਮਜ਼ ਦੇ ਅੰਦਰ ਜ਼ੀਨਜ਼ ਹੁੰਦੇ ਹਨ। ਮੈਂਡਲ ਨੇ ਖੋਜ ਕਰਕੇ ਇਹ ਗੱਲ ਸਿੱਧ ਕੀਤੀ ਕਿ ਜੱਦੀ ਗੁਣਾਂ, ਔਗਣਾ ਨੂੰ ਜ਼ੀਨ ਕੰਟਰੋਲ ਕਰਦੇ ਹਨ। 1910 ਵਿੱਚ ਮਾਰਗਨ ਨੇ ਇਹ ਗੱਲ ਕੱਢੀ ਕਿ ਜ਼ੀਨ, ਕਰੋਮੋਸੋਮਜ਼ ਵਿੱਚ ਹੁੰਦੇ ਹਨ।

ਜਦ ਡਾਕਟਰ ਖੁਰਾਣਾ 1950 ਵਿੱਚ ਡਾਕਟਰ ਟਾਡ ਨਾਲ ਕੈਂਬਰਿਜ਼ ਵਿੱਚ ਖੋਜ ਕਰਦਾ ਸੀ ਤਾਂ ਉਸਨੇ Complex organic compound, ਜਿਨ੍ਹਾਂ ਨੂੰ Nucleotides ਕਹਿੰਦੇ ਹਨ, ਬਣਾਏ ਸਨ। ਇਹ ਰੀਸਰਚ ਉਹਨਾਂ ਦੇ ਕੈਂਬਰਿਜ਼ ਛੱਡਣ ਤੋਂ ਬਾਅਦ ਵੀ ਜਾਰੀ ਰਹੀ ਅਤੇ ਉਹ ਇਸੇ ਸ਼੍ਰੇਣੀ ਦੇ Deoxyribonucleic Acid ਬਣਾਉਣ ਵਿੱਚ ਕਾਮਯਾਬ ਹੋਇਆ। ਇਹ ਬੜਾ ਗੁੰਝਲਦਾਰ ਯੋਗਿਕ ਹੈ। ਇਸਦਾ ਫਾਰਮੂਲਾ ਲਿਖਿਆਂ ਜਾਵੇ ਤਾਂ ਬਹੁਤ ਥਾਂ ਘੇਰਦਾ ਹੈ। ਇਸਦਾ ਨਾਂ ਹਰ ਵਾਰੀ ਲਿਖੀਏ ਤਾਂ ਵੀ ਚੰਗੀ ਸਿਰਦਰਦੀ ਹੈ, ਇਸ ਲਈ ਇਸ ਦੇ ਨਾਂ ਦੇ ਤਿੰਨਾਂ ਹਿੱਸਿਆਂ ਦੇ ਪਹਿਲੇ ਅੱਖਰ ਲੈ ਕੇ ਇਸ ਦਾ ਛੋਟਾ ਨਾਂ D.N.A. ਧਰ ਦਿੱਤਾ ਗਿਆ। ਇਹੋ ਜਿਹਾ ਇਕ ਯੋਗਿਕ, ਜਿਹੜਾ ਇਸ ਨਾਲੋਂ ਕੁਝ ਘੱਟ ਗੁੰਝਲਦਾਰ ਹੈ, Ribo Nucleic Acid ਹੈ। ਇਸ ਦਾ ਨਾਂ ਉਸੇ ਮਰਿਆਦਾ ਅਨੁਸਾਰ R.N.A. ਰੱਖਿਆ ਗਿਆ। ਡਾਕਟਰ ਖੁਰਾਣਾ ਅਤੇ ਉਸਦੇ ਸਾਥੀ ਇਸ DNA ਅਤੇ ਇਸ ਤੋਂ ਹੋਰ ਕਈ ਕਿਸਮ ਦੇ Nucleotides ਬਣਾਉਣ ਅਤੇ ਉਹਨਾਂ ਦੀ ਖੋਜ ਉੱਤੇ ਲੱਗੇ ਰਹੇ। ਜਦ ਖੁਰਾਣਾ ਨੂੰ 1968 ਵਿੱਚ ਦੋ ਹੋਰ ਅਮਰੀਕਨਾਂ ਨਾਲ ਸਾਂਝਾ ਨੋਬਲ ਪੁਰਸਕਾਰ ਮਿਲਿਆ ਤਾਂ ਉਹ ਇਹਨਾਂ Nucleotides ਦੀ ਖੋਜ ਦੇ ਆਧਾਰ ਤੇ ਸੀ।

ਡਾਕਟਰ ਖੁਰਾਣਾ ਦੀ ਬਹੁਤੀ ਜੈ ਜੈ ਕਾਰ ਇਸ ਗੱਲ ਤੋਂ ਹੋਈ ਕਿ ਉਹ ਇਸ ਪੁਰਸਕਾਰ ਦੀ ਪ੍ਰਾਪਤੀ ਦੇ ਪਿੱਛੋਂ ਵੀ ਆਪਣੀ ਖੋਜ ਵਿੱਚ ਮਸਤ ਰਿਹਾ ਡਾਕਟਰ ਖੁਰਾਣਾ ਨੇ 1966 ਵਿੱਚ ਅਮਰੀਕਨ ਨਾਗਰਿਕਤਾ ਲੈ ਲਈ ਸੀ। ਡਾਕਟਰ ਖੁਰਾਣਾ ਇਕ ਬਹੁਤ ਖੁਲ੍ਹ-ਦਿਲਾ ਇਨਸਾਨ ਸੀ ਅਤੇ ਉਹ ਆਪਣੇ ਵਿਚਾਰਾਂ ਨੂੰ ਕੈਮਿਸਟਿਰੀ ਤੋਂ ਬਾਹਰ ਫਿਜ਼ਿਕਸ ਅਤੇ ਬਿਓਲਿਜੀ ਦੀਆਂ ਲੈਬਾਰਟਰੀਆਂ ਵਿੱਚ ਵੀ ਜਾ ਕੇ ਤਜ਼ੁਰਬੇ ਕਰਦਾ ਰਹਿੰਦਾ ਸੀ। ਉਹਦਾ ਵਿਸ਼ਵਾਸ ਸੀ ਕਿ ਉਹ ਹੋਰਾਂ ਲੈਬਾਰਟਰੀਆਂ ਤੋਂ ਨਵੇਂ ਢੰਗ ਤਰੀਕੇ ਖੋਜ ਲਈ ਸਿੱਖ ਸਕਦਾ ਹੈ। ਇਹ ਗੱਲ ਉਸ ਵੇਲੇ ਦੇ ਸਾਇੰਸਦਾਨਾਂ ਲਈ ਬੜੀ ਅਨੋਖੀ ਸੀ। ਬਾਅਦ ਦੀ ਉਮਰ ਵਿੱਚ ਸੇਵਾਮੁਕਤ ਹੋਣ ਤੱਕ, ਉਹ 2007 ਤੱਕ ਵਿਜ਼ਨ ਤੇ ਕੰਮ ਕਰਦਾ ਰਿਹਾ। ਨੋਬਲ ਪੁਰਸਕਾਰ ਤੋਂ ਇਲਾਵਾ ਉਹਨੂੰ ਹੋਰ ਵੀ ਬਹੁਤ ਪੁਰਸਕਾਰ ਮਿਲੇ।

ਅੰਤ ਨੂੰ ਉਹ ਲੈਬਾਰਟਰੀ ਵਿੱਚ DNA ਬਣਾਉਣ ਵਿੱਚ ਕਾਮਯਾਬ ਹੋਇਆ। ਡਾਕਟਰ ਖੁਰਾਣਾ ਸਾਡੇ ਤੋਂ ਸਦਾ ਲਈ 9 ਦਸੰਬਰ 2011 ਨੂੰ Concord, Massachusetts, USA ‘ਚ ਵਿੱਛੜ ਗਿਆ।